# EAL NEWCOMER REGISTRATION MEETING INFORMATION

ਰਿਵਰ ਈਸਟ ਟਰਾਂਸਕੋਨਾ ਸਕੂਲ ਡਵੀਜ਼ਨ ਵਿੱਚ ਤੁਹਾਡਾ ਸੁਆਗਤ ਕਰਦੇ ਹਾਂ। ਕਰਿਸਟੀ ਬਰੈਂਡਸਟਰੌਮ Kristi Brandstrom ਤੁਹਾਡੇ ਬੱਚੇ ਦੀ ਸਕੂਲ ਵਿੱਚ ਦਾਖਲੇ ਲਈ ਮੱਦਦ ਕਰੇਗੀ। ਅਗਲੇ ਕੁੱਝ ਦਿਨਾਂ ਤੱਕ ਉਹ ਤੁਹਾਨੂੰ ਇਹ ਦੱਸਣ ਲਈ ਫੋਨ ਕਰੇਗੀ ਕਿ ਕਦੋਂ ਅਤੇ ਕਿੱਥੇ ਤੁਸੀ ਉਸਨੂੰ ਮਿਲਨਾ ਹੈ। ਕਰਿਸਟ Kristi ੀ ਨਾਲ ਇਹ ਮੀਟਿੰਗ ਤੁਹਾਡੇ ਨਜਦੀਕ ਵਾਲੇ ਸਕੂਲ ਵਿੱਚ ਹੀ ਹੋਵੇਗੀ।

**Kristi ਕਰਿਸਟੀ ਨਾਲ ਮੀਟਿੰਗ ਦੌਰਾਨ ਤੁਸੀ ਇਸ ਕਿਸਮ ਦੇ ਸੁਆਲ ਪੁੱਛ ਸਕਦੇ ਹੋ ਜਿਵੇਂ ਕਿ:**

**ਮੀਟਿੰਗ ਵਿੱਚ ਕਿਸ ਨੂੰ ਆਉਣ ਦੀ ਜ਼ਰੂਰਤ ਹੈ?**

- ਤੁਹਾਡਾ ਅਤੇ ਤੁਹਾਡੇ ਬੱਚੇ ਦਾ ਆਉਣਾ ਲਾਜ਼ਮੀ ਹੈ।

**ਮੀਟਿੰਗ ਕਿੰਨੀ ਦੇਰ ਤੱਕ ਚੱਲੇਗੀ?**

- ਮੀਟਿੰਗ ਲਈ ਘੱਟ ਤੋ ਘੱਟ ਦੋ ਘੰਟੇ ਦਾ ਸਮਾਂ ਮਿਥਕੇ ਆਵੋ। ਅਗਰ ਤੁਹਾਡੇ ਇੱਕ ਤੋ ਜਿਆਦਾ ਬੱਚੇ ਹਨ ਤਾਂ ਮੀਟਿੰਗ ਦਾ ਟਾਈਮ ਹੋਰ ਵੀ ਲੰਬਾ ਹੋ ਸਕਦਾ ਹੈ।

**ਮੈਨੂੰ ਆਪਣੇ ਨਾਲ ਕੀ ਕੁੱਝ ਲਿਆਉਣਾ ਚਾਹੀਦਾ ਹੈ?**

**ਕਿਰਪਾ ਕਰਕੇ ਤੁਹਾਡੇ ਬੱਚੇ ਜਾਂ ਬੱਚਿਆਂ ਨਾਲ ਸਬੰਧਤ ਇੰਮੀਗਰੇਸ਼ਨ ਦੇ ਕਾਗਜ਼ਾਤ ਨਾਲ ਲੈਕੇ ਆਵੋ ਜਿਵੇਂ ਕਿ:**

- ਪਰਮਾਨੈਂਟ ਰੈਜੀਡੈਂਟ (ਪੀ ਆਰ) ਕਾਰਡ, ਵਰਕ ਪਰਮਿਟ ਜਾਂ ਕਨੇਡੀਅਨ ਸਿਟੀਜ਼ਨਸ਼ਿੱਪ ਦਾ ਕਾਰਡ ਜਾਂ ਫਿਰ
- ਪਾਸਪੋਰਟ ਅਤੇ ਲੈਂਡਿੰਗ ਕਾਗਜ਼ਾਤ

**ਇਹ ਚੀਜ਼ਾਂ ਵੀ ਨਾਲ ਲੈਕੇ ਆਵੋ:**

- ਮੈਨੀਟੋਬਾ ਹੈਲਥ ਕਾਰਡ
- ਬੱਚੇ ਦੇ ਜਨਮ ਦਾ ਸਰਟੀਫਿਕੇਟ
- ਅਗਰ ਤੁਹਾਡੇ ਪਾਸ ਹੈ ਤਾਂ ਬੱਚੇ ਦੇ ਪੁਰਾਣੇ ਸਕੂਲ ਦਾ ਰਿਕਾਰਡ

**ਰਹਾਇਸ਼ੀ ਐਡਰੈਸ ਦੇ ਸਬੂਤ ਲਈ ਕਾਗਜ਼ਾਤ ਭੀ ਨਾਲ ਲੈ ਕੇ ਆਵੋ ਜਿਵੇਂ ਕਿ:**

- ਮੈਨੀਟੋਬਾ ਹੈਲਥ ਕਾਰਡ
- ਡਰਾਈਵਿੰਗ ਲਾਈਸੈਂਸ
- ਕਿਰਾਏਦਾਰੀ ਦਾ ਲਿਖਤੀ ਸਮਝੌਤਾ
- ਮਕਾਨ ਦੀ ਖਰੀਦ ਸਬੰਧੀ ਕਾਗਜ਼ਾਤ

**ਕਿਰਪਾ ਕਰਕੇ ਅਸਲੀ ਕਾਗਜ਼ਾਤ ਹੀ ਲਿਆਉਣੇ। ਫੋਟੋਸਟੇਟ ਕਾਪੀਆਂ ਮਨਜ਼ੂਰ ਨਹੀਂ ਕੀਤੀਆਂ ਜਾਣਗੀਆਂ।**

**ਕੀ ਮੈਂ ਦੋਭਾਸ਼ੀਆ ਨਾਲ ਲਿਆ ਸਕਦਾ ਹਾਂ?**

- ਅਗਰ ਤੁਹਾਡੇ ਪਾਸ ਦੁਭਾਸ਼ੀਆ ਹੈ, ਤਾਂ ਉਸਨੂੰ ਜਰੂਰ ਨਾਲ ਲੈ ਕੇ ਆਉਣਾ। ਅਗਰ ਤੁਸੀਂ ਦੁਭਾਸ਼ੀਏ ਦਾ ਇੰਤਜਾਮ ਨਹੀ ਕਰ ਸਕਦੇ ਤਾਂ ਕਿਰਪਾ ਕਰਕੇ ਸਾਨੂੰ ਦੱਸ ਦੇਣਾ ਅਤੇ ਅਸੀ ਇਸ ਮੀਟਿੰਗ ਲਈ ਦੁਭਾਸ਼ੀਏ ਦਾ ਬੰਦੋਬਸਤ ਕਰਨ ਦੀ ਕੋਸ਼ਿਸ਼ ਕਰਾਂਗੇ।

**ਇਸ ਮੀਟਿੰਗ ਦੌਰਾਨ ਕੀ ਹੋਵੇਗਾ?**

- ਬੱਚੇ ਨੂੰ ਸਕੂਲ ਵਿੱਚ ਦਾਖਲ ਕਰਨ ਲਈ ਅਸੀ ਲੋੜ ਅਨੁਸਾਰ ਸਾਰੀ ਜਾਣਕਾਰੀ ਹਾਸਲ ਕਰਾਂਗੇ।
- ਤੁਹਾਡੇ ਬੱਚੇ ਦੀ ਬੋਲੀ ਅਤੇ ਹਿਸਾਬ ਦੀ ਮਹਾਰਤ ਦਾ ਜਾਇਜ਼ਾ ਲਵਾਂਗੇ।
- ਤੁਹਾਡੇ ਬੱਚੇ ਦੀ ਲੋੜ ਅਨੁਸਾਰ ਤੁਹਾਨੂੰ ਸਕੂਲ ਦੇ ਪਰੋਗਰਾਮਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।
- ਅਸੀ ਰਲ ਕੇ ਫੈਸਲਾ ਕਰਾਂਗੇ ਕਿ ਤੁਹਾਡਾ ਬੱਚਾ ਕਿਸ ਸਕੂਲ ਵਿੱਚ ਜਾਵੇਗਾ।
- ਤੁਹਾਨੂੰ ਸਕੂਲ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਤਾਰੀਖ ਤਹਿ ਕੀਤੀ ਜਾਵੇਗੀ ਕਿ ਕਦੋਂ ਤੁਹਾਡਾ ਬੱਚਾ ਸਕੂਲ ਸ਼ੁਰੂ ਕਰ ਸਕਦਾ ਹੈ।